# ਧੂੰਆਂ ਮੁਕਤ ਓਨਟੈਰੀਓ ਕਨੂੰਨ 2005

## ਕਨੂੰਨ ਕਿਵੇਂ ਪ੍ਰਭਾਵਿਤ ਕਰਦਾ ਹੈ: ਬੰਦ ਜਨਤੱਕ ਥਾਵਾਂ ਨੂੰ

### ਮੂਲ ਆਧਾਰ

- ਧੂੰਆਂ ਮੁਕਤ ਓਨਟੈਰੀਓ ਕਨੂੰਨ 31ਮਈ, 2006 ਨੂੰ ਲਾਗੂ ਹੋ ਰਿਹਾ ਹੈ।
- ਇਹ ਕਨੂੰਨ ਓਨਟੈਰੀਓ ਵਿੱਚ ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤੱਕ ਥਾਵਾਂ 'ਤੇ ਸਿਗਰੇਟ ਪੀਣ ਤੋਂ ਮਨਾਹੀ ਕਰਦਾ ਹੈ ਤਾਕਿ ਕਰਮਚਾਰੀਆਂ ਅਤੇ ਜਨਤਾ ਨੂੰ ਦੂਜੇ ਹੱਥ ਦੇ ਧੂਏਂ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।

### ਬੰਦ ਜਨਤੱਕ ਥਾਵਾਂ

ਇੱਕ ਬੰਦ ਜਨਤੱਕ ਜਗਾਹ ਦਾ ਮਤਲਬ ਹੈ ਕਿਸੇ ਇਮਾਰਤ ਜਾਂ ਢਾਂਚੇ ਦੇ ਅੰਦਰ ਜਿੱਥੇ ਲੋਗ ਪਹੁੰਚ ਸਕਦੇ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ ਪ੍ਰਚੂਨ ਦੁਕਾਨਾਂ, ਅੰਦਰਵਾਰ ਸ਼ੌਪਿੰਗ ਮਾਲ, ਰੈਸਟੋਰੈਂਟ, ਬਾਰ, ਮਨੋਰੰਜਨ ਦੀਆਂ ਜਗਾਹਾਂ, ਕੈਸੀਨੋ, ਬਿੰਗੋ, ਬਿਲੀਅਰਡ ਹਾਲ, ਟੈਕਸੀ ਕੈਬ, ਲੀਮੋਜ਼ੀਨ। ਸਿਗਰੇਟ ਪੀਣ ਲਈ ਨਿਰਧਾਰਿਤ ਕਮਰੇ (DSRs), ਜਿਨ੍ਹਾਂ ਦੀ ਸਥਾਨਕ ਨਗਰ ਪਾਲਿਕਾ ਕਨੂੰਨਾਂ ਅਧੀਨ ਕਈ ਵਾਰੀ ਆਗਿਆ ਦਿੱਤੀ ਜਾਂਦੀ ਸੀ, ਹੁਣ ਉਹਨਾਂ 'ਤੇ ਪਾਬੰਧੀ ਹੈ।

### ਦੂਜੀਆਂ ਥਾਵਾਂ: ਬਾਹਰਵਾਰ ਪੈਸ਼ੀਓ ਅਤੇ ਸਿਗਰੇਟ ਪੀਣ ਲਈ ਸ਼ੈਲਟਰ

ਜੇਕਰ ਬੰਦ ਜਗਾਹ ਦੇ ਬਾਹਰਵਾਰ ਇੱਕ ਪੈਸ਼ੀਓ ਹੈ ਅਤੇ ਜੇਕਰ ਉਸ ਦੇ ਛੱਤ ਹੈ ਤਾਂ ਸਿਗਰੇਟ ਪੀਣ ਦੀ ਮਨਾਹੀ ਹੈ ਚਾਹੇ ਛੱਤ ਪੈਸ਼ੀਓ ਨੂੰ ਪੂਰੀ ਤਰਾਂ ਨਾ ਕੱਜਦੀ ਹੋਵੇ। ਛੱਤ ਵਿੱਚ ਸ਼ਾਮਲ ਹੈ ਤਾਰਪੀਨ, ਤਿਰਪਾਲ, ਕੈਨਵਸ ਚਾਦਰ ਜਾਂ ਹੋਰ ਕੱਚੀ ਜਾਂ ਪੱਕੀ ਪਰਤ ਜੋ ਬਾਰਸ਼ ਜਾਂ ਹਵਾ ਜਾਂ ਦੋਵਾਂ ਨੂੰ ਰੋਕ ਸਕਦੀ ਹੋਵੇ। ਇੱਕ ਇਕੱਲੀ ਛੱਤਰੀ ਜੋ ਸਿਰਫ਼ ਇੱਕ ਮੇਜ਼ ਨੂੰ ਕੱਜਦੀ ਹੋਵੇ ਨੂੰ ਛੱਤ ਨਹੀਂ ਮੰਨਿਆ ਜਾਵੇਗਾ। ਪਰ ਜੇਕਰ ਛੱਤਰੀਆਂ ਨੂੰ ਇਸ ਤਰਾਂ ਵਰਤਿਆ ਜਾਵੇ ਕਿ ਉਹ ਛੱਤ ਦਾ ਕੰਮ ਕਰਣ ਤਾਂ ਕੋਈ ਨਿਗਰਾਨ ਇਸ ਨੂੰ ਇਹ ਹੀ ਸਮਝੇਗਾ ਅਤੇ ਉਸੇ ਤਰਾਂ ਹੀ ਕਾਰਵਾਈ ਕਰੇਗਾ।

ਕੋਈ ਮਾਲਕ ਅਪਣੇ ਸਿਗਰੇਟ ਪੀਣ ਵਾਲੇ ਗਾਹਕਾਂ ਨੂੰ ਸਮਾਯੋਜਿਤ ਕਰਣ ਲਈ ਜੇ ਚਾਹੇ ਤਾਂ ਬਾਹਰਵਾਰ ਇੱਕ ਸਿਗਰੇਟ ਪੀਣ ਲਈ ਸ਼ੈਲਟਰ ਉਪਲਭਧ ਕਰਵਾ ਸਕਦਾ ਹੈ। ਜਿਹੜਾ ਮਾਲਕ ਬਾਹਰਵਾਰ ਸਿਗਰੇਟ ਪੀਣ ਲਈ ਸ਼ੈਲਟਰ ਉਪਲਭਧ ਕਰਵਾਉਂਦਾ ਹੈ ਉਹ ਇਹ ਯਕੀਨੀ ਬਨਵਾਏ ਕਿ ਇਹ ਢਾਂਚਾ ਦੋ ਕੰਧਾਂ ਅਤੇ ਇੱਕ ਛੱਤ ਤੋਂ ਜਿਆਦਾ ਦਾ ਨਾ ਬਣਿਆ ਹੋਵੇ।

### ਮਾਲਕਾਂ ਦੀਆਂ ਜਿੰਮੇਵਾਰੀਆਂ

ਮਾਲਕਾਂ ਅਤੇ ਮੁਖੀਆਂ ਨੂੰ ਚਾਹੀਦਾ ਹੈ:

- ਇਸ ਗੱਲ ਨੂੰ ਯਕੀਨੀ ਬਨਾਉਣ ਕਿ ਸਭ ਨੂੰ ਪਤਾ ਹੋਵੇ ਕਿ ਸਾਂਝੀਆਂ ਜਗਾਹਾਂ 'ਤੇ ਸਿਗਰੇਟ ਪੀਣਾ ਮਨਾ ਹੈ।
- ਐਸ਼ਟਰੇ ਅਤੇ ਹੋਰ ਚੀਜਾਂ ਜੋ ਐਸ਼ਟਰੇ ਦਾ ਕੰਮ ਕਰਦੀਆਂ ਹਨ ਹਟਾ ਦੇਣ।
- ਇਸ ਗੱਲ ਨੂੰ ਯਕੀਨੀ ਬਨਾਉਣ ਕਿ ਲੋਗ ਉਹਨਾਂ ਦੀ ਸੰਸਥਾ 'ਤੇ ਸਿਗਰੇਟ ਨਾ ਪੀਣ।

- ਇਸ ਗੱਲ ਨੂੰ ਯਕੀਨੀ ਬਨਾਉਣ ਕਿ ਜੋ ਲੋਗ ਇਸ ਦੀ ਪਾਲਣਾ ਨਹੀਂ ਕਰਦੇ ਉਹ ਬੰਦ ਜਨਤੱਕ ਜਗਾਹ 'ਤੇ ਨਾ ਰਹਿਣ।
- *ਧੁਮਰਪਾਣ ਮਨਾਂ ਹੈ* ਨਿਸ਼ਾਨ ਸਾਰੇ ਪ੍ਰਵੇਸ਼ ਅਤੇ ਨਿਕਾਸ ਦਰਵਾਜਿਆਂ, ਗੁਸਲਖਾਨਿਆਂ ਅਤੇ ਹੋਰ ਸਹੀ ਜਗਾਹਾਂ ਉੱਤੇ ਲਗਾਉਣੇ ਚਾਹੀਦੇ ਹਨ ਤਾਕਿ ਸਭ ਨੂੰ ਪਤਾ ਲੱਗੇ ਕਿ ਸਿਗਰੇਟ ਪੀਣ 'ਤੇ ਪਾਬੰਧੀ ਹੈ। ਨਿਸ਼ਾਨ ਲੈਣ ਲਈ ਜਾਨਕਾਰੀ ਲਈ ਕਿਰਪਾ ਕਰ ਕੇ ਸਥਾਨਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

## ਜਨਤਾ ਦੀਆਂ ਜਿੰਮੇਵਾਰੀਆਂ

ਬੰਦ ਜਨਤੱਕ ਜਗਾਹਾਂ 'ਤੇ ਕੋਈ ਵੀ ਸਿਗਰੇਟ ਨਹੀਂ ਪੀ ਸਕਦਾ

## ਪਾਲਣਾ

ਸਥਾਨੀਕ ਜਨਤੱਕ ਸੇਹਤ ਇਕਾਈਆਂ ਕਨੂੰਨ ਦੀ ਪਾਲਣਾ ਕਰਵਾਉਣ ਲਈ ਬੰਦ ਜਨਤੱਕ ਜਗਾਹਾਂ ਵਿੱਚ ਜਾ ਕੇ ਵੇਖਣਗੀਆਂ ਅਤੇ ਸ਼ਿਕਾਇਤਾਂ ਦੀ ਪੁੱਛ ਪੜਤਾਲ ਕਰਣਗੀਆਂ।

## ਜੁਰਮਾਨੇ

ਕਨੂੰਨ ਦੇ ਇਸ ਭਾਗ ਦੀ ਉਲੰਘਨਾਂ ਕੋਈ ਵੱਧ ਤੋਂ ਵੱਧ ਕਾਰਪੋਰੇਟ ਜੁਰਮਾਨਾ ਨਹੀਂ ਲਿਖਿਆ ਗਿਆ ਹੈ, ਇਸ ਦਾ ਮਤਲਬ ਹੈ ਕਿ ਜੁਰਮਾਨੇ ਦੀ ਰਕਮ ਨਿਆਂ ਅਦਾਲਤ 'ਤੇ ਨਿਰਭਰ ਕਰੇਗੀ। ਇੱਕ ਵਿਅਕਤੀ ਨੂੰ ਵੱਧ ਤੋਂ ਵੱਧ $5,000 ਦਾ ਜ਼ੁਰਮਾਨਾ ਹੋ ਸਕਦਾ ਹੈ।

ਇਹ ਤੱਥ ਸ਼ੀਟ ਕੇਵਲ ਜ਼ਲਦੀ ਦੇਖਣ ਦੇ ਕੰਮ ਆਉਣ ਲਈ ਹੈ। ਜਿਆਦਾ ਜਾਣਕਾਰੀ ਲਈ, ਕਿਰਪਾ ਕਰ ਕੇ ਅਪਣੀ ਸਥਾਨੀਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

ਤੁਸੀਂ ਮੁਫ਼ਤ ਫ਼ੋਨ ਕਰ ਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

- **ਇੰਫੋਲਾਇਨ** 1-866-396-1760
- **ਉੱਚਾ ਸੁਨਣ ਵਾਲਿਆਂ ਲਈ** 1-800-387-5559

ਕੰਮ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ, 8:30 ਵਜੇ ਸਵੇਰ ਤੋਂ 5:00 ਵਜੇ ਸ਼ਾਮ

ਧੂੰਆਂ ਰਹਿਤ ਓਨਟੈਰੀਓ ਕਨੂੰਨ ਦੀ ਹੋਰ ਜਾਣਕਾਰੀ ਲਈ, ਕਿਰਪਾ ਕਰ ਕੇ ਓਨਟੈਰੀਓ ਸੇਹਤ ਉੱਨਤੀ ਮੰਤਰਾਲੇ ਦੀ ਵੇਬਸਾਇਟ ਤੇ ਜਾਓ: http://www.mhp.gov.on.ca/english/health/smoke_free/legislation.asp.

ਮਈ 2006



Ontario